

Punjabi

# ਵਰਕਰਾਂ ਦੇ ਹੱਕ

## ਲਾਇਸੈਂਸਿੰਗ ਰਾਹੀਂ ਵਰਕਰਾਂ ਦੀ ਰਾਖੀ ਕਰਨਾ


GLA Gangmasters Licensing Authority

ਟੈਲੀਫ਼ੋਨ: **+44 (0)845 602 5020**

**www.gla.defra.gov.uk**

# ਅਸੀਂ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ

## GLA ਸ਼ੋਸ਼ਣ ਤੋਂ ਤੁਹਾਡੀ ਰਾਖੀ ਲਈ ਕਾਇਮ ਕੀਤੀ ਗਈ ਇਕ ਸੰਸਥਾ ਹੈ।

ਸਾਡੀ ਲਾਇਸੈਂਸਿੰਗ ਸਕੀਮ, ਉਹਨਾਂ ਕਾਰੋਬਾਰਾਂ ਨੂੰ ਨੇਮਬੱਧ ਕਰਦੀ ਹੈ, ਜੋ ਤਾਜ਼ੇ ਉਤਪਾਦ ਦੀ ਸਪਲਾਈ ਲੜੀ ਲਈ ਵਰਕਰ ਮੁਹਈਆ ਕਰਦੀ ਹੈ। ਇਹ ਸਕੀਮ ਯਕੀਨੀ ਬਣਾਉਂਦੀ ਹੈ ਕਿ ਉਹ ਕਾਰੋਬਾਰ (ਕਿਰਤੀ ਮੁਹਈਆ ਕਰਨ ਵਾਲੇ, ਗੈਂਗਮਾਸਟਰਸ ਜਾਂ ਏਜੰਸੀਆਂ), ਜੋ ਕਿਰਤੀਆਂ ਦੀ ਸਪਲਾਈ ਕਰਦੇ ਹਨ ਅਤੇ ਉਹ ਕਾਰੋਬਾਰ (ਕਿਰਤੀਆਂ ਦੀ ਵਰਤੋਂ ਕਰਨ ਵਾਲੇ, ਕਿਰਸਾਣ, ਪੈਕ ਹਾਉਸਿਸ), ਜਿਹਨਾਂ ਨੂੰ ਕਿਰਤੀਆਂ ਦੀ ਲੋੜ ਹੈ, ਰੋਜ਼ਗਾਰ ਦੇ ਉਹਨਾਂ ਮਿਆਰਾਂ 'ਤੇ ਪੂਰਾ ਉਤਰਦੇ ਹਨ, ਜਿਹੜੇ ਕਾਨੂੰਨ ਹੇਠ ਲੋੜੀਂਦੇ ਹਨ।

### ਇਸ ਸਕੀਮ ਹੇਠ ਕਿਹੜੇ ਖੇਤਰ ਆਉਂਦੇ ਹਨ?

ਲਾਇਸੈਂਸਿੰਗ ਸਕੀਮ ਹੇਠ ਕਈ ਤਰ੍ਹਾਂ ਦੇ ਖੇਤਰ ਆਉਂਦੇ ਹਨ: ਖੇਤੀ, ਬਾਗ਼ਬਾਨੀ, ਜੰਗਲਾਤ, ਮੱਛੀ ਪ੍ਰੱਸੈਸਿੰਗ, ਘੋਗਾ/ਝੀਂਗਾ ਮੱਛੀ, ਦੁਧਾਰੂ ਪਸ਼ੂ-ਪਾਲਨ ਅਤੇ ਖਾਣ-ਪੀਣ ਦੀਆਂ ਵਸਤਾਂ ਦੀ ਪੈਕੇਜਿੰਗ ਜਾਂ ਪ੍ਰੱਸੈਸਿੰਗ।

ਇਸ ਲਈ ਜੇ ਤੁਹਾਨੂੰ ਕਿਰਤੀ ਉਪਲਬਧ ਕਰਨ ਵਾਲਾ, ਇਹਨਾਂ 'ਚੋਂ ਕਿਸੇ ਖੇਤਰ ਲਈ ਕਿਰਤੀ ਉਪਲਬਧ ਕਰਦਾ ਹੈ, ਤਾਂ ਉਹਨਾਂ ਨੂੰ ਇੱਕ ਗੈਂਗਮਾਸਟਰਸ ਲਾਇਸੈਂਸ ਦੀ ਲੋੜ ਹੋਏਗੀ।

# ਰੋਜ਼ਗਾਰ ਦੇ ਤੁਹਾਡੇ ਹੱਕ

ਇੱਕ ਕਿਰਤੀ ਵਜੋਂ ਤੁਹਾਡੇ ਹੱਕਾਂ ਦੀ, ਯੂਕੇ ਦੇ ਕਾਨੂੰਨ ਵਲੋਂ ਰਾਖੀ ਕੀਤੀ ਜਾਂਦੀ ਹੈ। ਕੁਝ ਹੱਕ ਤੁਰੰਤ ਲਾਗੂ ਹੁੰਦੇ ਹਨ, ਕੁਝ ਇਸ ਗੱਲ ਅਨੁਸਾਰ ਹੁੰਦੇ ਹਨ, ਕਿ ਤੁਸੀਂ ਕਿੰਨੀ ਦੇਰ ਕੰਮ ਕੀਤਾ ਹੈ। ਹੇਠ ਲਿਖੇ ਸਫ਼ੇ, ਤੁਹਾਨੂੰ ਕਿਰਤੀ ਉਪਲਬਧ ਕਰਨ ਵਾਲੇ ਤੋਂ ਤੁਹਾਨੂੰ ਕੀ ਉਮੀਦ ਕਰਨੀ ਚਾਹੀਦੀ ਹੈ, ਬਾਰੇ ਇੱਕ ਬੁਨਿਆਦੀ ਖ਼ਾਕਾ ਦਿੰਦੇ ਹਨ। ਇਹ ਤੁਹਾਡੇ ਰੋਜ਼ਗਾਰ ਦੇ ਹੱਕ ਹਨ।

## ਘੱਟੋ-ਘੱਟ ਰਾਸ਼ਟਰੀ ਉਜਰਤ

ਜੇ ਤੁਸੀਂ ਇੱਕ ਸਥਾਈ ਨੌਕਰੀ ਵਿਚ ਹੋ, ਥੋੜ੍ਹੇ ਸਮੇਂ ਦੇ ਇੱਕ ਇਕਰਾਰਨਾਮੇ 'ਤੇ ਹੋ ਜਾਂ ਇੱਕ ਏਜੰਸੀ ਲਈ ਕੰਮ ਕਰ ਰਹੇ ਹੋ, ਤਾਂ ਤੁਹਾਨੂੰ ਘੱਟੋ-ਘੱਟ ਰਾਸ਼ਟਰੀ ਉਜਰਤ ਮਿਲਣੀ ਚਾਹੀਦੀ ਹੈ। ਜ਼ਿਆਦਾਤਰ ਖੇਤੀ ਕਿਰਤੀ, NMW ਤੋਂ ਵੱਧ ਤਨਖ਼ਾਹ ਦੀ ਇੱਕ ਵਾਧੂ ਦਰ ਦੇ ਹੱਕਦਾਰ ਹਨ,। ਜੇ ਤੁਹਾਨੂੰ ਫ਼ੀ ਉਤਪਾਦ ਭੁਗਤਾਨ ਮਿਲਦਾ ਹੈ, ਤਾਂ ਤੁਹਾਨੂੰ ਹਾਲੀਂ ਵੀ ਘੱਟੋ-ਘੱਟ ਉਜਰਤ ਦਰ ਮਿਲਣੀ ਚਾਹੀਦੀ ਹੈ। ਸ੍ਵੈ-ਰੋਜ਼ਗਾਰ ਅਤੇ ਸ੍ਵੈ-ਸੇਵੀ ਵਰਕਰਾਂ ਸਮੇਤ, ਕੁਝ ਅਪਵਾਦ ਹਨ। ਤਾਜ਼ਾ ਜਾਣਕਾਰੀ ਲਈ, ਤਨਖ਼ਾਹ ਅਤੇ ਕੰਮ ਸਬੰਧੀ ਹੱਕਾਂ ਬਾਰੇ ਹੈਲਪਲਾਈਨ ਨੂੰ, ਮੁਫ਼ਤ ਕੱਾਲ ਕਰੋ ਜਾਂ ਵੈਬਸਾਈਟ (ਵੇਰਵੇ, ਸਫ਼ਾ 12 'ਤੇ ਹਨ) ਵੇਖੋ।

## ਕੰਮ ਦੇ ਘੰਟੇ

ਤੁਹਾਨੂੰ ਓਵਰਟਾਈਮ ਸਮੇਤ ਇੱਕ ਹਫ਼ਤੇ ਵਿਚ 48 ਘੰਟੇ ਤੋਂ ਵੱਧ ਸਮਾਂ ਕੰਮ ਨਹੀਂ ਕਰਨਾ ਚਾਹੀਦਾ, ਜਦ ਤਕ ਕਿ ਤੁਸੀਂ ਇੰਜ ਕਰਨ ਦੀ ਚੋਣ ਨਾ ਕਰੋ। ਤੁਹਾਨੂੰ ਕਿਰਤੀ ਮੁਹਈਆ ਕਰਨ ਵਾਲੇ ਨੂੰ ਇਹ ਦੱਸਣ ਲਈ ਕਿ ਤੁਸੀਂ ਵਾਧੂ ਘੰਟਿਆਂ ਲਈ ਕੰਮ ਕਰਨ ਲਈ ਸਹਿਮਤ ਹੋਏ ਹੋ, ਇੱਕ ਲਿਖਤੀ ਰਿਕਾੱਰਡ ਰੱਖਣ ਦੀ ਲੋੜ ਹੈ।

ਤੁਸੀਂ ਹਰ ਹਫ਼ਤੇ, ਘੱਟੋ-ਘੱਟ ਇੱਕ ਦਿਨ ਛੁੱਟੀ ਲੈਣ ਦੇ ਹੱਕਦਾਰ ਹੋ ਅਤੇ ਜੇ ਤੁਸੀਂ ਇੱਕ ਦਿਨ ਵਿਚ ਛੇ ਘੰਟਿਆਂ ਤੋਂ ਵੱਧ ਕੰਮ ਕਰਦੇ ਹੋ, ਤਾਂ ਤੁਹਾਨੂੰ ਘੱਟੋ-ਘੱਟ 20 ਮਿੰਟ ਲਈ ਅਰਾਮ ਵਾਸਤੇ ਛੁੱਟੀ ਲੈਣੀ ਚਾਹੀਦੀ ਹੈ।

## ਸਲਾਨਾ ਛੁੱਟੀ

ਤੁਸੀਂ, ਕਾਨੂੰਨ ਅਨੁਸਾਰ ਕੰਮ 'ਤੇ ਆਪਣੇ ਪਹਿਲੇ ਦਿਨ ਤੋਂ ਸ਼ੁਰੂ ਹੋ ਕੇ ਇੱਕ ਸਾਲ ਵਿਚ ਘੱਟੋ-ਘੱਟ ਕੁਝ ਹਫ਼ਤਿਆਂ ਦੀ ਤਨਖ਼ਾਹ ਸਮੇਤ ਛੁੱਟੀ ਦੇ ਹੱਕਦਾਰ ਹੋ। ਇਸ ਵਿਚ ਪਾਰਟ-ਟਾਈਮ ਅਤੇ ਸਥਿਰ ਮਿਆਦ ਲਈ ਠੇਕੇ 'ਤੇ ਰੱਖੇ ਵਰਕਰ ਸ਼ਾਮਿਲ ਹਨ। ਤਾਜ਼ਾ ਜਾਣਕਾਰੀ ਲਈ ਤਨਖ਼ਾਹ ਅਤੇ ਕੰਮ ਸਬੰਧੀ ਹੱਕਾਂ ਬਾਰੇ ਹੈਲਪਲਾਈਨ ਨਾਲ ਸੰਪਰਕ ਕਰੋ ਜਾਂ direct.gov.uk ਵੇਖੋ।

ਤੁਹਾਡੀਆਂ ਛੁੱਟੀਆਂ ਬਾਰੇ ਹੱਕਦਾਰੀ ਦੇ ਵੇਰਵੇ, ਤੁਹਾਡੇ ਰੋਜ਼ਗਾਰ ਦੇ ਇਕਰਾਰਨਾਮੇ ਵਿਚ ਹੋਣੇ ਚਾਹੀਦੇ ਹਨ। ਇਹ, ਤੁਹਾਡੇ ਨੌਕਰੀਦਾਤਾ ਲਈ ਤੁਹਾਡੇ ਕੰਮ ਦੇ ਸਮੇਂ ਦੌਰਾਨ ਕਮਾਏ ਗਏ, ਤੁਹਾਡੇ ਕੰਮ ਦੇ ਘੰਟਿਆਂ (ਪਾਰਟ ਟਾਈਮ ਵਰਕਰਾਂ ਲਈ, ਅਨੁਪਾਤ ਦੇ ਅਧਾਰ 'ਤੇ) 'ਤੇ ਅਧਾਰਿਤ ਹੈ ਅਤੇ ਇਸਦਾ ਤੁਹਾਡੀ ਆਮ ਕਾਰਜ ਦਰ ਨਾਲ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ।

ਜਦੋਂ ਤੁਸੀਂ ਆਪਣੀ ਨੌਕਰੀ ਛੱਡਦੇ ਹੋ, ਤਾਂ ਤੁਹਾਡੇ ਵਲੋਂ ਨਾ ਲਈ ਗਈ ਕਿਸੇ ਵੀ ਛੁੱਟੀ ਦਾ ਤੁਹਾਨੂੰ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਜੇ ਤੁਹਾਡਾ ਨੌਕਰੀਦਾਤਾ, ਤੁਹਾਨੂੰ ਕਿਸੇ ਛੁੱਟੀ ਨੂੰ ਲੈਣ ਦੀ ਆਗਿਆ ਨਹੀਂ ਦਏਗਾ ਜਾਂ ਤੁਹਾਡੀ ਛੁੱਟੀਆਂ ਦੀ ਤਨਖ਼ਾਹ ਲੈਣੀ ਰਹਿੰਦੀ ਹੈ, ਤਾਂ ਤੁਸੀਂ, ਰਕਮ ਵਾਪਸ ਲੈਣ ਲਈ ਦਾਵਾ ਕਰਨ ਬਾਰੇ ਸੇਧ ਲਈ ਤਨਖ਼ਾਹ ਅਤੇ ਕੰਮ ਸਬੰਧੀ ਹੱਕਾਂ ਬਾਰੇ ਹੈਲਪਲਾਈਨ ਜਾਂ ਨਾਗਰਿਕ ਸਲਾਹ ਨਾਲ ਸੰਪਰਕ ਕਰ ਸਕਦੇ ਹੋ।

## ਮਦ ਅਨੁਸਾਰ ਤਨਖ਼ਾਹ ਪਰਚੀ

ਤੁਹਾਨੂੰ, ਜਦੋਂ ਤੁਹਾਨੂੰ ਤਨਖ਼ਾਹ ਦਿਤੀ ਜਾਂਦੀ ਹੈ, ਤਾਂ ਇੱਕ ਤਨਖ਼ਾਹ ਪਰਚੀ ਮਿਲਣੀ ਚਾਹੀਦੀ ਹੈ, ਜਿਸ ਵਿਚ ਤੁਹਾਡੀ ਕੁਲ ਤਨਖ਼ਾਹ ਅਤੇ ਘਰ ਲੈ ਕੇ ਜਾਣ ਵਾਲੀ ਤਨਖ਼ਾਹ ਬਾਰੇ ਦਸਿਆ ਹੋਵੇ। ਇਸ ਵਿਚ, ਕਿਸੇ ਕਟੌਤੀ, ਜੋ ਤੁਹਾਡੀ ਤਨਖ਼ਾਹ 'ਚੋਂ ਲਈ ਜਾਏਗੀ, ਦੀ ਰਕਮ ਅਤੇ ਉਦੇਸ਼ ਬਾਰੇ ਵੀ ਦਸਿਆ ਜਾਣਾ ਚਾਹੀਦਾ ਹੈ। ਕਟੌਤੀਆਂ, ਜੋ ਹਰ ਹਫ਼ਤੇ ਬਦਲ ਸਕਦੀਆਂ ਹਨ, ਜਿਵੇਂ ਕਿ ਟੈਕਸ ਅਤੇ ਰਾਸ਼ਟਰੀ ਬੀਮਾ, ਨੂੰ ਹਰ ਤਨਖ਼ਾਹ ਪਰਚੀ 'ਤੇ ਦਿਤਾ ਜਾਣਾ ਚਾਹੀਦਾ ਹੈ। ਤੁਹਾਨੂੰ, ਛੁੱਟੀਆਂ ਜਾਂ ਬਿਮਾਰੀ ਦੀ ਤਨਖ਼ਾਹ ਸਮੇਤ ਸਹਿਮਤ ਹੋਈ ਤਨਖ਼ਾਹ, ਸਮੇਂ ਸਿਰ ਮਿਲਣੀ ਚਾਹੀਦੀ ਹੈ।

## ਉਜਰਤਾਂ ਦੀ ਕਟੌਤੀ

ਤੁਹਾਨੂੰ ਕਿਰਤੀ ਮੁਹਈਆ ਕਰਨ ਵਾਲਾ, ਤੁਹਾਡੀਆਂ ਉਜਰਤਾਂ ਤੋਂ ਸਿਰਫ਼ ਕੁਝ ਕਟੌਤੀਆਂ ਹੀ ਕਰ ਸਕਦਾ ਹੈ ਅਤੇ ਇਹਨਾਂ ਨੂੰ ਤੁਹਾਡੀ ਤਨਖ਼ਾਹ ਪਰਚੀ 'ਤੇ ਦਿਤਾ ਗਿਆ ਹੋਣਾ ਚਾਹੀਦਾ ਹੈ। ਇਹਨਾਂ ਵਿਚ ਕਾਨੂੰਨੀ ਕਟੌਤੀਆਂ, ਜਿਵੇਂ ਕਿ ਤੁਹਾਡੇ ਟੈਕਸ ਅਤੇ ਰਾਸ਼ਟਰੀ ਬੀਮਾ ਯੋਗਦਾਨ ਅਤੇ ਉਹ ਕਟੌਤੀਆਂ, ਜਿਹਨਾਂ ਲਈ ਤੁਸੀਂ ਆਪਣੇ ਰੋਜ਼ਗਾਰ ਦੇ ਇਕਰਾਰਨਾਮੇ ਵਿਚ ਸਹਿਮਤ ਹੋਏ ਹੋ ਜਾਂ ਉਹ ਕਟੌਤੀਆਂ, ਜਿਵੇਂ ਕਿ ਟ੍ਰਾਂਸਪੋਰਟ ਜਾਂ ਰਿਹਾਇਸ਼, ਜਿਹਨਾਂ ਲਈ ਤੁਸੀਂ ਲਿਖਤੀ ਮੰਜ਼ੂਰੀ ਦਿਤੀ ਹੈ, ਸ਼ਾਮਿਲ ਹਨ।

ਤੁਸੀਂ ਭਾਵੇਂ ਕਿ ਇੱਕ ਕਟੌਤੀ ਲਈ ਸਹਿਮਤ ਹੋਏ ਹੋ, ਇਸ ਕੋਲ ਸਿਵਾਇ ਰਿਹਾਇਸ਼ ਲਈ ਥੋੜ੍ਹੀ ਰਕਮ ਦੇ, ਤੁਹਾਡੀ ਤਨਖ਼ਾਹ ਨੂੰ ਘੱਟੋ-ਘੱਟ ਉਜਰਤ ਤੋਂ ਹੇਠਾਂ ਨਹੀਂ ਲਿਜਾਣਾ ਚਾਹੀਦਾ। ਸੇਧ ਲਈ ਤਨਖ਼ਾਹ ਅਤੇ ਕੰਮ ਸਬੰਧੀ ਹੱਕਾਂ ਬਾਰੇ ਹੈਲਪਲਾਈਨ ਨਾਲ ਸੰਪਰਕ ਕਰੋ।

## ਸਿਹਤ ਅਤੇ ਸੁਰੱਖਿਆ

ਤੁਹਾਡੇ ਨੌਕਰੀਦਾਤਾ ਦੀ ਕੰਮ 'ਤੇ ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਕਾਨੂੰਨੀ ਜ਼ਿੰਮੇਵਾਰੀ ਹੈ। ਤੁਹਾਨੂੰ ਕਿਰਤੀ ਮੁਹਈਆ ਕਰਨ ਵਾਲੇ ਅਤੇ ਕਿਰਤੀਆਂ ਦੀ ਵਰਤੋਂ ਕਰਨ ਵਾਲੇ ਨੂੰ ਇਸ ਗੱਲ ਲਈ ਸਹਿਮਤ ਹੋਣਾ ਚਾਹੀਦਾ ਹੈ ਕਿ ਉਹ ਤੁਹਾਡੀ ਸਿਹਤ ਅਤੇ ਸੁਰੱਖਿਆ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੋਏਗਾ। ਤੁਹਾਨੂੰ, ਸਿਹਤ ਅਤੇ ਸੁਰੱਖਿਆ ਜਾਣਕਾਰੀ, ਮੁਫ਼ਤ ਸਿਖਲਾਈ ਅਤੇ ਰਖਿਆਤਮਕ ਕਪੜੇ ਮਿਲਣੇ ਚਾਹੀਦੇ ਹਨ।

## ਬਿਮਾਰੀ ਦੀ ਤਨਖ਼ਾਹ

ਰੋਜ਼ਗਾਰ ਦੇ ਤੁਹਾਡੇ ਇਕਰਾਰਨਾਮੇ ਵਿਚ, ਜੇ ਤੁਸੀਂ ਕੰਮ 'ਤੇ ਬਿਮਾਰ ਹੋਣ ਕਰਕੇ ਨਹੀਂ ਆਉਂਦੇ, ਤਾਂ ਤੁਹਾਨੂੰ ਮਿਲਣ ਵਾਲੀ ਤਨਖ਼ਾਹ ਬਾਰੇ ਦਸਿਆ ਜਾਣਾ ਹੈ। ਘੱਟੋ-ਘੱਟ ਰਕਮ, ਬਿਮਾਰੀ ਸਬੰਧੀ ਉਹ ਕਾਨੂੰਨੀ ਤਨਖ਼ਾਹ (SSP) ਹੈ, ਜਿਸਦੇ ਤੁਸੀਂ, ਜੇ ਤੁਸੀਂ ਲਗਾਤਾਰ ਚਾਰ ਦਿਨਾਂ ਜਾਂ ਵਧੇਰੇ ਸਮੇਂ ਲਈ ਕੰਮ 'ਤੇ ਨਹੀਂ ਆਉਂਦੇ, ਲਈ ਹੱਕਦਾਰ ਹੋ, ਪਰ ਤੁਹਾਡਾ ਇਕਰਾਰਨਾਮਾ, ਤੁਹਾਨੂੰ ਵਾਧੂ ਤਨਖ਼ਾਹ ਜਾਂ ਲਾਭ ਦੇ ਸਕਦਾ ਹੈ।

## ਤੁਹਾਡੇ ਨੇਮ ਅਤੇ ਸ਼ਰਤਾਂ

ਇਹ ਤੁਹਾਡੇ ਅਤੇ ਜਿਸ ਵਿਅਕਤੀ ਲਈ ਤੁਸੀਂ ਕੰਮ ਕਰ ਰਹੇ ਹੋ, ਵਿਚਕਾਰ ਇੱਕ ਸਮਝੌਤਾ ਹੈ। ਕਾਨੂੰਨੀ ਤੌਰ 'ਤੇ, ਜੇ ਤੁਸੀਂ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਕੰਮ ਕੀਤਾ ਹੈ, ਤਾਂ ਤੁਹਾਨੂੰ ਤੁਹਾਡੇ ਨੇਮ ਅਤੇ ਸ਼ਰਤਾਂ ਦੇ ਲਿਖਤੀ ਵੇਰਵੇ ਜ਼ਰੂਰ ਮਿਲਣੇ ਚਾਹੀਦੇ ਹਨ।

ਕੰਮ ਸ਼ੁਰੂ ਕਰਨ ਦੇ ਦੋ ਮਹੀਨਿਆਂ ਦੇ ਅੰਦਰ ਅੰਦਰ ਤੁਹਾਨੂੰ ਲਿਖਤੀ ਸਟੇਟਮੈਂਟ ਮਿਲਣੀ ਚਾਹਦੀ ਹੈ, ਅਤੇ ਇਸ ਵਿਚ ਹੇਠਾਂ ਦਿੱਤੀ ਜਾਣਕਾਰੀ ਸ਼ਾਮਿਲ ਹੋਣੀ ਚਾਹੀਦੀ ਹੈ:

- ਤੁਹਾਡਾ ਨਾਂ
- ਤੁਸੀਂ ਕਿਸ ਲਈ ਕੰਮ ਕਰੋਗੇ
- ਤੁਸੀਂ ਕਿਸ ਕਿਸਮ ਦਾ ਕੰਮ ਕਰੋਗੇ
- ਤੁਹਾਡੇ ਵਲੋਂ ਕੰਮ ਸ਼ੁਰੂ ਕਰਨ ਦੀ ਤਾਰੀਖ਼
- ਕੰਮ ਦੀ ਥਾਂ
- ਤਨਖ਼ਾਹ ਦੀ ਰਕਮ ਅਤੇ ਤੁਹਾਨੂੰ ਅਕਸਰ ਕਿਵੇਂ ਭੁਗਤਾਨ ਕੀਤਾ ਜਾਏਗਾ (ਹਫ਼ਤਾਵਾਰੀ ਜਾਂ ਮਹੀਨੇਵਾਰ)
- ਕੰਮ ਦੇ ਘੰਟੇ
- ਛੁੱਟੀ ਦੀ ਹੱਕਦਾਰੀ
- ਬਿਮਾਰੀ ਦੀ ਛੁੱਟੀ ਦੀ ਹੱਕਦਾਰੀ
- ਅਨੁਸ਼ਾਸਨੀ, ਬਰਤਰਫ਼ ਕਰਨ ਅਤੇ ਸ਼ਿਕਾਇਤ ਸਬੰਧੀ ਅਮਲ
- ਜੇ ਤੁਸੀਂ ਅਸਤੀਫ਼ਾ ਦੇ ਰਹੇ ਹੋ ਤਾਂ ਤੁਹਾਨੂੰ ਜਾਂ ਨੋਟਿਸ ਦੇਣ ਦੀ ਲੋੜ ਹੈ ਜਾਂ ਤੁਹਾਡੀ ਬਰਤਰਫ਼ੀ ਦਾ ਨੋਟਿਸ ਮਿਲਣਾ ਚਾਹੀਦਾ ਹੈ

ਤੁਹਾਡਾ ਨੌਕਰੀਦਾਤਾ, ਤੁਹਾਡੀ ਆਗਿਆ ਦੇ ਨਾਲਹੀ ਤੁਹਾਡੇ ਇਕਰਾਰਨਾਮੇ ਦੇ ਨੇਮ ਅਤੇ ਸ਼ਰਤਾਂ ਵਿਚ ਤਬਦੀਲੀ ਕਰ ਸਕਦਾ ਹੈ।

# ਵਰਕਰ ਦਾ ਸ਼ੋਸ਼ਣ ਰੋਕਣ ਲਈ ਮਦਦ

ਤੁਹਾਡੇ ਹੱਕਾਂ ਦੀ ਰਾਖੀ ਹੋ ਰਹੀ ਹੈ ਅਤੇ ਤੁਹਾਨੂੰ ਉਹ ਸਥਿਤੀਆਂ ਉਪਲਬਧ ਕਰਾਈਆਂ ਜਾ ਰਹੀਆਂ ਹਨ, ਜਿਹਨਾਂ ਲਈ ਤੁਸੀਂ ਹੱਕਦਾਰ ਹੋ, ਨੂੰ ਯਕੀਨੀ ਬਣਾਉਣ ਲਈ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਨਾਲ ਨਿਰਪੱਖ ਤਰੀਕੇ ਜਾਂ ਕਾਨੂੰਨੀ ਤੌਰ 'ਤੇ ਵਿਹਾਰ ਨਹੀਂ ਹੋ ਰਿਹਾ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

- ਸਾਡੇ ਨਾਲ ਸਿੱਧਿਆਂ ਗੱਲ ਕਰਨ ਲਈ 0845 602 5020 'ਤੇ ਕਾੱਲ ਕਰੋ। ਸਾਡੀਆਂ ਫ਼ੋਨ ਲਾਈਨਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 - ਸ਼ਾਮੀਂ 5:00 ਵਜੇ ਤੱਕ ਖੁੱਲ੍ਹੀਆਂ ਹਨ
- intelligence@gla.gsi.gov.uk 'ਤੇ ਸਾਡੀ ਖ਼ੁਫ਼ੀਆ ਟੀਮ ਨੂੰ ਈਮੇਲ ਕਰੋ
- ਸਾਡੇ ਗੁਪਤ ਰਿਪੋਰਟਿੰਗ ਫ਼ਾਰਮ ਦੀ ਵਰਤੋਂ ਕਰੋ, ਜੋ ਕਿ www.gla.defra.gov.uk 'ਤੇ ਆੱਨਲਾਈਨ ਕਈ ਭਾਸ਼ਾਵਾਂ ਵਿਚ ਉਪਲਬਧ ਹੈ।
- ਸਾਨੂੰ GLA, PO Box 10272, Nottingham, NG2 9PB 'ਤੇ ਲਿਖੋ।

ਜੇ ਤੁਸੀਂ ਆਪਣੇ ਰੋਜ਼ਗਾਰ ਸਬੰਧੀ ਹੱਕਾਂ ਬਾਰੇ ਇੱਕ ਅਨੁਭਵੀ ਸਲਾਹਕਾਰ ਨਾਲ ਗੱਲਬਾਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਮਦਦ ਅਤੇ ਸੇਧ ਲਈ ਆਪਣੇ ਸਥਾਨਕ ਨਾਗਰਿਕ ਸਲਾਹ ਬਿਊਰੋ ਨਾਲ ਸੰਪਰਕ ਕਰ ਸਕਦੇ ਹੋ ਜਾਂ ਤਨਖ਼ਾਹ ਅਤੇ ਕੰਮ ਸਬੰਧੀ ਹੱਕਾਂ ਬਾਰੇ ਹੈਲਪਲਾਈਨ ਨੂੰ ਕਾੱਲ ਕਰੋ।

# ਤੁਹਾਨੂੰ ਕਿਰਤੀ ਉਪਲਬਧ ਕਰਨ ਵਾਲੇ ਦੀਆਂ ਜ਼ਿੰਮੇਵਾਰੀਆਂ

ਤੁਹਾਨੂੰ ਕਿਰਤੀ ਉਪਲਬਧ ਕਰਾਉਣ ਵਾਲੇ ਕੋਲ ਨੇਮਬੱਧ ਖੇਤਰਾਂ ਵਿਚ ਕਾਨੂੰਨੀ ਤੌਰ 'ਤੇ ਕੰਮ ਕਰਨ ਲਈ ਗੈਂਗਮਾਸਟਰਸ ਲਾਇਸੈਂਸ ਹੋਣਾ ਚਾਹੀਦਾ ਹੈ।

ਲਾਇਸੈਂਸ ਲਈ ਸਫ਼ਲਤਾਪੂਰਵਕ ਅਰਜ਼ੀ ਦੇਣ ਲਈ ਕਿਰਤੀ ਉਪਲਬਧ ਕਰਾਉਣ ਵਾਲੇ ਨੂੰ ਇਹ ਵਿਖਾਉਣ ਦੀ ਲੋੜ ਹੋਏਗੀ ਕਿ ਉਹ GLA ਦੇ ਲਾਇਸੈਂਸਿੰਗ ਮਿਆਰਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ (ਸਫ਼ਾ 10 ਵੇਖੋ)। ਇਹਨਾਂ ਮਿਆਰਾਂ ਵਿਚ ਵਰਕਰਾਂ ਦੀ ਮਾੜੇ ਵਿਹਾਰ ਅਤੇ ਸ਼ੋਸ਼ਣ ਤੋਂ ਰਾਖੀ ਲਈ ਸਾਰੀਆਂ ਕਾਨੂੰਨੀ ਸ਼ਰਤਾਂ ਹਨ।

ਕਿਰਤੀ ਉਪਲਬਧ ਕਰਾਉਣ ਵਾਲਿਆਂ ਨੂੰ ਆਪਣੇ ਲਾਇਸੈਂਸ ਨੂੰ ਬਣਾਈ ਰਖਣ ਲਈ ਲਾਇਸੈਂਸ ਸਬੰਧੀ ਮਿਆਰਾਂ ਦੀ ਨਿਰੰਤਰ ਪਾਲਣਾ ਕਰਨੀ ਚਾਹੀਦੀ ਹੈ। ਜੇ ਤੁਹਾਨੂੰ ਲਗਦਾ ਹੈ ਕਿ ਕਿਰਤੀ ਉਪਲਬਧ ਕਰਾਉਣ ਵਾਲਾ ਮਿਆਰਾਂ ਨੂੰ ਸਿਰੇ ਚਾੜ੍ਹਣ ਵਿਚ ਨਾਕਾਮ ਹੈ ਜਾਂ ਬਿਨਾ ਲਾਇਸੈਂਸ ਦੇ ਕੰਮ ਕਰ ਰਿਹਾ ਹੈ, ਤਾਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਇਹ ਸਿਰਫ਼ ਗੈਂਗਮਾਸਟਰਸ ਦੀਆਂ ਸ਼ਰਤਾਂ ਨਹੀਂ ਹਨ, ਉਹ ਤੁਹਾਡੇ ਕਾਨੂੰਨੀ ਹੱਕ ਵੀ ਹਨ – ਤੁਹਾਡੇ ਨੌਕਰੀਦਾਤਾ ਦੀ ਇਸ ਗੱਲ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੈ ਕਿ ਤੁਹਾਡੇ ਨਾਲ ਨਿਰਪੱਖ ਵਿਹਾਰ ਹੋ ਰਿਹਾ ਹੈ।

# ਲਾਇਸੈਂਸ ਸਬੰਧੀ ਮਿਆਰ

GLA ਲਾਇਸੈਂਸਿੰਗ ਮਿਆਰ ਸ਼ਰਤਾਂ ਨਿਰਧਾਰਿਤ ਕਰਦੇ ਹਨ, ਜਿਹਨਾਂ ਨੂੰ ਲਾਇਸੈਂਸ ਲਈ ਯੋਗ ਹੋਣ ਵਾਸਤੇ ਪੂਰਾ ਕਰਨਾ ਚਾਹੀਦਾ ਹੈ।
ਇਹਨਾਂ ਦੇ ਘੇਰੇ ਹੇਠ ਇਹ ਚੀਜ਼ਾਂ ਆਉਂਦੀਆਂ ਹਨ:

- ਉਚਿਤ ਅਤੇ ਢੁਕਵਾਂ ਟੈਸਟ
- ਤਨਖ਼ਾਹ ਅਤੇ ਟੈਕਸ ਮਾਮਲੇ
- ਜ਼ਬਰੀ ਕਿਰਤ ਅਤੇ ਵਰਕਰਾਂ ਨਾਲ ਮਾੜੇ-ਵਿਹਾਰ ਦੀ ਰੋਕਥਾਮ
- ਰਿਹਾਇਸ਼
- ਕੰਮ ਦੀਆਂ ਸਥਿਤੀਆਂ
- ਸਿਹਤ ਅਤੇ ਸੁਰੱਖਿਆ
- ਵਰਕਰਾਂ ਦੀ ਭਰਤੀ ਅਤੇ ਇਕਰਾਰਨਾਮੇ ਦੇ ਪ੍ਰਬੰਧ
- ਉਪ-ਠੇਕੇਦਾਰੀ ਅਤੇ ਕਿਰਤੀ ਉਪਲਬਧ ਕਰਾਉਣ ਵਾਲੇ ਹੋਰਨਾਂ ਦੀ ਵਰਤੋਂ ਕਰਨਾ

ਹੋਰ ਜਾਣਕਾਰੀ ਲਈ ਤੁਸੀਂ GLA ਲਾਇਸੈਂਸਿੰਗ ਮਿਆਰਾਂ ਸਬੰਧੀ ਪੁਸਤਿਕਾ ਦੀ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ।

# ਹੋਰ ਮਦਦ ਅਤੇ ਸੇਧ

ਇਥੇ ਬਹੁਤ ਸਾਰੀਆਂ ਸੰਸਥਾਵਾਂ ਹਨ, ਜੋ ਰੋਜ਼ਗਾਰ ਦੇ ਤੁਹਾਡੇ ਸਾਰੇ ਹੱਕਾਂ ਬਾਰੇ ਤੁਹਾਨੂੰ ਵੇਰਵੇ ਵਾਲੀ ਜਾਣਕਾਰੀ ਦੇ ਸਕਦੇ ਹਨ।

.

ਨਾਗਰਿਕ ਸਲਾਹ ਬਿਊਰੋ [Citizens Advice Bureau]
ਯੂਕੇ ਵਿਚਲੇ ਸਥਾਨਕ ਦਫ਼ਤਰਾਂ ਨਾਲ ਜੁੜੇ ਸਾਰੇ ਮਾਮਲਿਆਂ ਬਾਰੇ ਮੁਫ਼ਤ, ਨਿਰਪੱਖ ਅਤੇ ਗੁਪਤ ਸਲਾਹ।
www.adviceguide.org.uk

ਨਾਗਰਿਕ ਸਲਾਹ ਬਿਊਰੋ - ਇੰਗਲੈਂਡ ਅਤੇ ਵੇਲਜ਼
[Citizens Advice Bureau – England and Wales]
www.citizensadvice.org.uk
ਤੁਹਾਡੇ ਸਥਾਨਕ ਦਫ਼ਤਰ ਲਈ
ਟੈਲੀਫ਼ੋਨ ਨੰਬਰ: +44 (0)20 7833 2181

ਨਾਗਰਿਕ ਸਲਾਹ ਬਿਊਰੋ - ਉਤਰੀ ਆਇਰਲੈਂਡ
[Citizens Advice Bureau – Northern Ireland]
www.citizensadvice.co.uk
ਤੁਹਾਡੇ ਸਥਾਨਕ ਦਫ਼ਤਰ ਲਈ
ਟੈਲੀਫ਼ੋਨ ਨੰਬਰ: +44 (0) 289 023 1120

ਨਾਗਰਿਕ ਸਲਾਹ ਬਿਊਰੋ - ਸਕਾੱਟਲੈਂਡ
[Citizens Advice Bureau – Scotland]
www.cas.org.uk
ਤੁਹਾਡੇ ਸਥਾਨਕ ਦਫ਼ਤਰ ਲਈ
ਟੈਲੀਫ਼ੋਨ ਨੰਬਰ: +44 (0) 131 550 1000

### ਡਾਇਰੈਕਟਗੌਵ [Directgov]

ਸਰਕਾਰੀ ਵਿਭਾਗਾਂ ਦੀ ਵਿਆਪਕ ਸ਼੍ਰੇਣੀ ਤੋਂ ਜਾਣਕਾਰੀ – ਤਨਖ਼ਾਹ, ਅਰਾਮ ਲਈ ਵਕਫ਼ਿਆਂ, ਛੁੱਟੀ ਦੀ ਹੱਕਦਾਰੀ, ਸਿਹਤ ਅਤੇ ਸੁਰੱਖਿਆ ਅਤੇ ਲੋੜ ਤੋਂ ਵੱਧ ਵਰਕਰਾਂ ਬਾਰੇ ਸੇਧ ਲਈ ਰੋਜ਼ਗਾਰ ਸੈਕਸ਼ਨ ਵੇਖੋ।
www.direct.gov.uk

### ਤਨਖ਼ਾਹ ਅਤੇ ਕੰਮ ਸਬੰਧੀ ਹੱਕਾਂ ਬਾਰੇ ਹੈਲਪਲਾਈਨ [Pay and Work Rights Helpline]

ਰਾਸ਼ਟਰੀ ਅਤੇ ਘੱਟੋ-ਘੱਟ ਖੇਤੀਬਾੜੀ ਉਜਰਤਾਂ, ਕੰਮ ਦੇ ਘੰਟਿਆਂ ਅਤੇ ਰੋਜ਼ਗਾਰ ਏਜੰਸੀਆਂ ਬਾਰੇ ਸਲਾਹ।
ਕਾੱਲ ਕਰ ਸਕਦੇ ਹੋ।
www.direct.gov.uk/paysandworkrights
ਟੈਲੀਫ਼ੋਨ: +44 (0) 800 917 2368

### ਸਲਾਹਕਾਰੀ, ਸੁਲ੍ਹਾ-ਸਫ਼ਾਈ ਅਤੇ ਸਾਲਸੀ ਸੇਵਾ (ACAS) [Advisory, Conciliation and Arbitration Service]

ਰੋਜ਼ਗਾਰ ਹੱਕਾਂ ਅਤੇ ਕੰਮ ਵਾਲੀ ਥਾਂ 'ਤੇ ਵਿਵਾਦਾਂ ਨੂੰ ਹਲ ਕਰਨ ਬਾਰੇ ਮੁਫ਼ਤ, ਸੁਤੰਤਰ ਸੇਧ ਉਪਲਬਧ ਕਰਦੀ ਹੈ।
www.acas.org.uk
ਟੈਲੀਫ਼ੋਨ:+44 (0) 845 747 4747

### ਟ੍ਰੇਡ ਯੂਨੀਅਨ ਕਾਂਗ੍ਰੇਸ (TUC) [Trade Unions Congress]

www.tuc.org.uk
ਟੈਲੀਫ਼ੋਨ: +44 (0)20 7636 4030

## ਕੰਮ 'ਤੇ ਸਿਹਤ ਅਤੇ ਸੁਰੱਖਿਆ
[Health and Safety at work]

ਸਿਹਤ ਅਤੇ ਸੁਰੱਖਿਆ ਐਗਜ਼ੀਕਿਊਟਿਵ ਤੋਂ ਵੇਰਵੇ ਸਹਿਤ ਸੇਧ ਲਈ ਵਰਕਰਾਂ ਦੇ ਹੱਕਾਂ 'ਤੇ ਕਲਿੱਕ ਕਰੋ।
www.hse.gov.uk
ਟੈਲੀਫ਼ੋਨ: +44 (0) 845 345 0055

## ਰਾਸ਼ਟਰੀ ਸੁਰੱਖਿਆ ਨੰਬਰ
[National Insurance number]

ਰਾਸ਼ਟਰੀ ਬੀਮਾ ਨੰਬਰ ਲਈ ਅਰਜ਼ੀ ਦੇਣ ਵਾਸਤੇ ਜਾੱਬਸੈਂਟਰ ਪਲੱਸ ਨੂੰ ਸੰਪਰਕ ਕਰੋ।
www.jobcentreplus.gov.uk
ਟੈਲੀਫ਼ੋਨ: +44 (0) 845 600 0643

## ਕ੍ਰਾਈਮਸਟਾੱਪਰਸ [Crimestoppers]

ਜੁਰਮ ਬਾਰੇ ਕਿਸੇ ਵੀ ਜਾਣਕਾਰੀ ਨਾਲ ਤੁਸੀਂ ਮੁਫ਼ਤ, ਕਿਸੇ ਵੀ ਵੇਲੇ ਕ੍ਰਾਈਮਸਟਾੱਪਰਸ ਨਾਲ ਗੱਲ ਕਰ ਸਕਦੇ ਹੋ। ਤੁਹਾਨੂੰ ਆਪਣਾ ਨਾਂ ਛੱਡਣ ਦੀ ਲੋੜ ਨਹੀਂ ਹੈ ਅਤੇ ਤੁਹਾਡੀ ਕਾੱਲ ਦਾ ਪਤਾ ਨਹੀਂ ਲਾਇਆ ਜਾ ਸਕਦਾ।
www.crimestoppers-uk.org
ਟੈਲੀਫ਼ੋਨ: +44 (0) 800 555 111

# ਸਾਡੇ ਨਾਲ ਸੰਪਰਕ ਕਰੋ

Gangmasters
Licensing Authority

Gangmasters Licensing Authority
PO Box 10272 ■ Nottingham ■ NG2 9PB
www.gla.defra.gov.uk
ਈਮੇਲ: enquiries@gla.gsi.gov.uk
ਟੈਲੀਫ਼ੋਨ: +44 (0)845 602 5020

FREEPHONE
PAY & WORK RIGHTS HELPLINE
0800 917 2368
Directgov.uk/payandworkrights

workers rights leaflet/09.12/punjabi